ੴ ਸਤਿਗੁਰ ਪ੍ਰਸਾਦਿ ॥

# ਛੋਟੀ ਉਮਰ ਦੇ ਸ਼ਹੀਦ

## ਸ਼ਹੀਦ ਦੀ ਪਰਿਭਾਸ਼ਾ

ਜੋ ਮਨੁੱਖ ਲਗਾਤਾਰ ਚੁਣੌਤੀ ਮਿਲਣ ਤੇ ਵੀ ਆਪਣੇ ਆਦਰਸ਼ ਲਈ ਦ੍ਰਿੜ ਇਰਾਦੇ ਨਾਲ ਜੂਝਦਾ ਹੋਇਆ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦੇਵੇ ਅਰਥਾਤ ਕੁਰਬਾਨ ਹੋ ਜਾਵੇ ਪਰ ਆਪਣੀ ਧਾਰਨਾ ਵਿਚ ਤਬਦੀਲੀ ਨਾ ਲਿਆਵੇ, ਅਜਿਹੇ ਬਲਿਦਾਨੀ ਮਨੁੱਖ ਨੂੰ ਸ਼ਹੀਦ ਕਹਿੰਦੇ ਹਨ। ਦੂਜੇ ਸ਼ਬਦਾਂ ਵਿਚ ਜਿਸ ਮਨੁੱਖ ਨੂੰ ਆਪਣੀ ਜਾਨ ਬਚਾਉਣ ਲਈ ਦੁਸ਼ਮਣਾਂ ਵਲੋਂ ਘੱਟੋ ਘੱਟ ਇੱਕਿ ਮੌਕਾ ਦਿੱਤਾ ਜਾਵੇ ਪਰ ਫਿਰ ਵੀ ਉਹ ਆਪਣੇ ਆਦਰਸ਼ਵਾਦੀ ਮਾਰਗ ਨੂੰ ਤਿਆਗਣ ਲਈ ਤਿਆਰ ਨਾ ਹੋਵੇ, ਉਹ ਸ਼ਹੀਦ ਅਖਵਾਉਂਦਾ ਹੈ। ਰਣ-ਭੂਮੀ ਵਿਚ ਲੜਦੇ ਸੈਨਿਕਾਂ ਤੇ ਵੀ ਇਹੀ ਸਿਧਾਂਤ ਲਾਗੂ ਹੁੰਦਾ ਹੈ। ਉਨ੍ਹਾਂ ਨੂੰ ਵੀ ਵਿਰੋਧੀ ਧਿਰ ਦੇ ਸੈਨਿਕ ਹਥਿਆਰ ਸੁੱਟਣ ਲਈ ਮਜਬੂਰ ਕਰਦੇ ਹਨ, ਅਰਥਾਤ ਰਣ ਵਿਚੋਂ ਭੱਜਣ ਦਾ ਪੂਰਾ ਮੌਕਾ ਦੇਂਦੇ ਹਨ ਪਰ ਦੇਸ਼ ਭਗਤ ਸੈਨਿਕ ਅਜਿਹਾ ਨਹੀਂ ਕਰਦੇ, ਦੇਸ਼ ਦੇ ਕੰਮ ਆਉਣ ਨੂੰ ਹੀ ਉਹ ਆਪਣੀ ਮੰਜ਼ਿਲ ਮੰਨਦੇ ਹਨ। ਅਰਥਾਤ ਜਿੱਤ ਜਾਂ ਮੌਤ ਵਿਚੋਂ ਹੀ ਕਿਸੇ ਇੱਕ ਦੀ ਪ੍ਰਾਪਤੀ ਦੀ ਇੱਛਾ ਹੀ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਦੇਂਦੀ ਹੈ।

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ

ਲੇਖਕ-ਜਸਵੀਰ ਸਿੰਘ Ph. : (0172-2696891), 09988160484

Download Free

# ਪਿਛੋਕੜ-ਇਤਿਹਾਸ

ਇਹ ਬਹਾਦਰੀ ਦੀ ਕਹਾਣੀ ਉਨ੍ਹਾਂ ਸਾਹਿਬਜ਼ਾਦਿਆਂ ਦੀ ਹੈ, ਜਿਨ੍ਹਾਂ ਨੇ ਆਪਣੇ ਦੁੱਧ ਦੇ ਦੰਦ ਟੁੱਟਣ ਦੇ ਸਮੇਂ ਤੋਂ ਪਹਿਲਾਂ ਹੀ ਸ਼ਹਾਦਤ ਦਾ ਜਾਮ ਪੀ ਲਿਆ। ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਂ ਦੇ ਹਾਕਮ ਔਰੰਗਜੇਬ ਨਾਲ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਸਨ। ਸਮਰਾਟ ਔਰੰਗਜੇਬ ਨੇ ਲੰਬੇ ਯੁੱਧ ਤੋਂ ਪਰੇਸ਼ਾਨ ਹੋ ਕੇ ਮਜਬੂਰੀ ਵੱਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਵਿਸ਼ੇਸ਼ ਸੰਧੀ ਦਾ ਸੁਨੇਹਾ ਭੇਜਿਆ। ਜਿਸ ਵਿਚ ਉਸਨੇ ਆਪ ਪੱਵਿਤਰ ਕੁਰਾਨ ਦੀ ਸਹੁੰ ਚੁੱਕ ਕੇ ਗੁਰੂਦੇਵ ਨੂੰ ਬੇਨਤੀ ਕੀਤੀ ਕਿ ਉਹ ਸੰਧੀ ਪੱਤਰ ਦੀ ਇਬਾਰਤ ਦੀਆਂ ਵਿਸ਼ੇਸ਼ ਧਾਰਾਵਾਂ ਦੇ ਅਨੁਸਾਰ ਦੇਸ਼ ਦੇ ਕਿਸੇ ਵੀ ਇਲਾਕੇ ਵਿਚ ਬਿਨ੍ਹਾਂ ਡਰ ਦੇ ਵਿਚਰ ਸਕਦੇ ਹਨ, ਉਨ੍ਹਾਂ ਦੇ ਜਾਨ-ਮਾਲ ਦੀ ਸੁਰੱਖਿਆ ਦੀ ਜਮਾਨਤ ਦਿੱਤੀ ਜਾਵੇਗੀ। ਇਸ ਲਈ ਸ਼ਰਤ ਇਹ ਹੈ ਕਿ ਗੁਰੂਜੀ ਇੱਕ ਵਾਰ ਉਨ੍ਹਾਂ ਦੀ ਆਨ-ਸ਼ਾਨ ਬਣਾਈ ਰੱਖਣ ਦੇ ਲਈ ਆਨੰਦਪੁਰ ਦਾ ਕਿਲ੍ਹਾ ਖਾਲੀ ਕਰ ਦੇਣ। ਇਸ ਸਮੇਂ ਉਨ੍ਹਾਂ ਦੀ ਸੈਨਿਕ ਸ਼ਕਤੀ ਗੁਰੂਜੀ ਨੂੰ ਰਾਜ਼ੀ ਖੁਸ਼ੀ ਕਿਤੇ ਵੀ ਜਾਣ ਤੋਂ ਨਹੀਂ ਰੋਕੇਗੀ ਅਤੇ ਕਿਸੇ ਪ੍ਰਕਾਰ ਦੀ ਹਾਨੀ ਨਹੀਂ ਪਹੁੰਚਾਈ ਜਾਵੇਗੀ।

ਗੁਰੂਦੇਵ ਨੂੰ ਔਰੰਗਜੇਬ ਦੀਆਂ ਕੁਰਾਨ ਦੀਆਂ ਸਹੁੰਆਂ ਤੇ ਬਿਲਕੁਲ ਵੀ ਭਰੋਸਾ ਨਹੀਂ ਸੀ । ਉਹ ਜਾਣਦੇ ਸਨ ਕਿ ਰਾਜਨੀਤਕ ਲੋਕ (ਸ਼ਾਸਕ) ਛਲ-ਕਪਟੀ ਹੁੰਦੇ ਹਨ, ਇਸ ਲਈ ਉਹ ਬਹੁਤ ਚੇਤੰਨ ਸਨ। ਪਰ ਕਿਲ੍ਹੇ ਵਿਚ ਰਾਸ਼ਨ ਦੀ ਕਮੀ ਤੋਂ ਤੰਗ ਹੋ ਕੇ ਸਿੱਖ ਸੈਨਿਕਾਂ ਵਲੋਂ ਵੀ ਗੁਰੂਦੇਵ ਤੇ ਜ਼ੋਰ ਪਾਇਆ ਜਾ ਰਿਹਾ ਸੀ ਕਿ ਉਹ ਮੌਕੇ ਦਾ ਲਾਭ ਉਠਾ ਕੇ ਕਿਲ੍ਹੇ ਨੂੰ ਛੱਡ ਦੇਣ। ਇਸ ਪ੍ਰਕਾਰ ਸੰਧੀ ਦੀ ਧਾਰਾ ਦੋ ਦੇ ਅਨੁਸਾਰ ਗੁਰੂਦੇਵ ਨੂੰ ਕਿਲ੍ਹਾ ਛੱਡਣ ਤੇ ਪ੍ਰਸ਼ਾਸਨ ਵਲੋਂ ਸੁਰੱਖਿਆ ਦਿੱਤੀ ਜਾਣੀ ਸੀ। ਇਸ ਸੰਧੀ ਤੇ ਸਮਰਾਟ ਤੋਂ ਇਲਾਵਾ ਹੋਰ ਸਮਰੱਥ ਅਧਿਕਾਰੀਆਂ ਦੇ ਦਸਤਖਤ ਵੀ ਸਨ।

ਗੁਰੂਦੇਵ ਨੇ ਸਾਵਧਾਨੀ ਨਾਲ ਕੰਮ ਕਰਦਿਆਂ ਹੋਇਆਂ ਸਰਦੀ ਦੀ ਰੁੱਤ ਦੀ ਸਭ ਤੋਂ ਛੋਟੀ ਰਾਤ ਦੇ ਅੱਧ ੨੦ ਦਸੰਬਰ ੧੭੦੪ ਈ. ਨੂੰ ਅਚਾਨਕ ਆਨੰਦਪੁਰ (ਸਾਹਿਬ) ਦਾ ਕਿਲਾ ਤਿਆਗ ਦਿੱਤਾ। ਉਸ ਵੇਲੇ ਮੂਸਲਾਧਾਰ ਮੀਂਹ ਪੈ ਰਿਹਾ ਸੀ ਅਤੇ ਅਤਿ ਦੀ ਸਰਦੀ ਸੀ।

# ਛੋਟੀ ਉਮਰ ਦੇ ਸ਼ਹੀਦ

ਹਨੇਰੀ ਰਾਤ ਅਤੇ ਸਰਸਾ ਨਦੀ ਵਿਚ ਹੜ੍ਹ ਦੇ ਕਾਰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੀਵਾਰ ਕਾਫਲੇ ਤੋਂ ਵਿਛੜ ਗਿਆ। ਮਾਤਾ ਗੂਜਰ ਕੌਰ (ਗੁਜਰੀ ਜੀ) ਦੇ ਨਾਲ ਉਨ੍ਹਾਂ ਦੇ ਦੋ ਛੋਟੇ ਪੋਤੇ ਸਨ। ਆਪਣੇ ਰਸੋਈਏ ਗੰਗਾ ਰਾਮ (ਗੰਗੂ) ਬ੍ਰਾਹਮਣ ਦੇ ਨਾਲ ਅੱਗੇ ਵੱਧਦੇ ਹੋਏ ਰਸਤੇ ਤੋਂ ਭਟਕ ਗਏ। ਉਨ੍ਹਾਂ ਨੂੰ ਗੰਗਾ ਰਾਮ ਨੇ ਸੁਝਾਅ ਦਿੱਤਾ ਕਿ ਜੇ ਤੁਸੀਂ ਮੇਰੇ ਨਾਲ ਮੇਰੇ ਪਿੰਡ ਸਹੇੜੀ ਚੱਲ ਪਵੋ ਤਾਂ ਇਹ ਸੰਕਟ ਦਾ ਸਮਾਂ ਆਸਾਨੀ ਨਾਲ ਬਤੀਤ ਹੋ ਜਾਵੇਗਾ। ਮਾਤਾ ਜੀ ਨੇ ਹਾਂ ਕਰ ਦਿੱਤੀ ਅਤੇ ਪਿੰਡ ਸਹੇੜੀ ਗੰਗਾ ਰਾਮ ਰਸੋਈਏ ਦੇ ਘਰ ਪਹੁੰਚ ਗਏ। ਮਾਤਾ ਗੁਜਰੀ ਜੀ ਕੋਲ ਇੱਕ ਥੈਲੀ ਸੀ, ਜਿਸ ਵਿਚ ਕੁਝ ਸੋਨੇ ਦੀਆਂ ਮੋਹਰਾਂ ਸਨ। ਇਹ ਥੈਲੀ ਗੰਗਾ ਰਾਮ ਦੀ ਨਜ਼ਰੀ ਪੈ ਗਈ। ਉਸ ਦੀ ਨੀਅਤ ਖਰਾਬ ਹੋ ਗਈ, ਉਸ ਨੇ ਰਾਤ ਨੂੰ ਸੁੱਤੇ ਪਏ ਮਾਤਾ ਗੁਜਰੀ ਜੀ ਦੇ ਸਰਹਾਣੇ ਦੇ ਹੇਠੋਂ ਸੋਨੇ ਦੀਆਂ ਮੋਹਰਾਂ ਦੀ ਥੈਲੀ ਹੌਲੇ ਜਿਹੇ ਚੋਰੀ ਕਰ ਲਈ ਅਤੇ ਛੱਤ ਉੱਤੇ ਚੜ੍ਹ ਕੇ ਚੋਰ ਚੋਰ ਦਾ ਸ਼ੋਰ ਕੀਤਾ ਪਰ ਗੰਗੂ ਤਾਂ ਚੋਰ ਚਤੁਰ ਦਾ ਨਾਟਕ ਕਰ ਰਿਹਾ ਸੀ। ਤਦ ਮਾਤਾ ਜੀ ਨੇ ਕਿਹਾ ਗੰਗੂ ਥੈਲੀ ਗੁਆਚ ਗਈ ਹੈ ਤਾਂ ਕੋਈ ਗੱਲ ਨਹੀਂ ਬਸ ਤੂੰ ਸਿਰਫ ਸ਼ਾਂਤ ਹੋ ਜਾ। ਪਰ ਗੰਗੂ ਦੇ ਮਨ ਵਿਚ ਹੌਂਸਲਾ ਕਿਥੇ ? ਉਨ੍ਹਾਂ ਦਿਨਾਂ ਵਿਚ ਸਰਹੰਦ ਦੇ ਨਵਾਬ ਵਜੀਦ ਖਾਨ ਨੇ ਪਿੰਡ-ਪਿੰਡ ਦੋਡੱਰਾ ਪਿਟਵਾ ਦਿੱਤਾ ਕਿ ਗੁਰੂਜੀ ਅਤੇ ਉਨ੍ਹਾਂ ਦੇ ਪ੍ਰੀਵਾਰ ਨੂੰ ਕੋਈ ਪਨਾਹ ਨਾ ਦੇਵੇ। ਪਨਾਹ ਦੇਣ ਵਾਲਿਆਂਨੂੰ ਸਖਤ ਸਜ਼ਾ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਫੜਾਉਣ ਵਾਲਿਆਂ ਨੂੰ ਇਨਾਮ ਦਿੱਤਾ ਜਾਵੇਗਾ।

ਗੰਗਾ ਰਾਮ ਪਹਿਲਾਂ ਤਾਂ ਇਹ ਐਲਾਨ ਸੁਣ ਕੇ ਡਰ ਗਿਆ ਕਿ ਮੈਂ ਖਾਹਮਖਾਹ ਮੁਸੀਬਤ ਵਿਚ ਫਸ ਜਾਵਾਂਗਾ ਫਿਰ ਉਸਨੇ ਸੋਚਿਆ ਕਿ ਜੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਫੜਵਾ ਦਿਆਂ ਤਾਂ ਇੱਕ ਤਾਂ ਸੂਬੇ ਦੀ ਕਰੋਪੀ ਤੋਂ ਬੱਚ ਜਾਵਾਂਗਾ ਅਤੇ ਦੂਜਾ ਇਨਾਮ ਵੀ ਪ੍ਰਾਪਤ ਕਰ ਲਵਾਂਗਾ।

ਗੰਗੂ ਨਮਕ ਹਰਾਮ ਨਿਕਲਿਆ। ਉਸਨੇ ਮੋਰਿੰਡੇ ਦੀ ਕੋਤਵਾਲੀ ਵਿਚ ਕੋਤਵਾਲ ਨੂੰ ਸੂਚਨਾ ਦੇ ਕੇ ਇਨਾਮ ਦੇ ਲਾਲਚ ਵਿਚ ਬੱਚਿਆਂ ਨੂੰ ਫੜਵਾ ਦਿੱਤਾ। ਥਾਣੇਦਾਰ ਨੇ ਮਾਤਾ ਜੀ ਤੋਂ ਪੁੱਛ-ਗਿੱਛ ਕੀਤੀ, ਤਾਂ ਉਸਨੂੰ ਪਤਾ ਲੱਗਾ ਕਿ ਗੰਗੂ ਨੇ ਹੀ ਸੋਨੇ ਦੀਆਂ ਮੋਹਰਾਂ ਚੁਰਾਈਆਂ ਹਨ ਤਾਂ ਕੋਤਵਾਲ ਨੇ ਇਨਾਮ ਦੇਣ ਦੇ ਬਦਲੇ, ਗੰਗੂ ਦੀ ਖੂਬ ਭੁਗਤ ਸਵਾਰੀ ਅਤੇ ਥੈਲੀ ਬਰਾਮਦ ਕਰ ਲਈ।

ਥਾਣੇਦਾਰ ਨੇ ਇੱਕ ਬੈਲਗੱਡੀ ਵਿਚ ਮਾਤਾ ਜੀ ਅਤੇ ਬੱਚਿਆਂ ਨੂੰ ਸਰਹੰਦ ਦੇ ਨਵਾਬ ਵਜੀਦ ਖਾਨ ਦੇ ਕੋਲ ਕਰੜੇ ਪਹਿਰੇ ਵਿਚ ਭਿਜਵਾ ਦਿੱਤਾ। ਉਥੇ ਉਨ੍ਹਾਂ ਨੂੰ ਠੰਡ ਵਿਚ ਭਾਵ ਸਰਦੀ ਦੀ ਰੁੱਤ ਦੀ ਰਾਤ ਨੂੰ ਠੰਡੇ ਬੁਰਜ ਵਿਚ ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੇ ਲਈ ਭੋਜਨ ਦਾ ਪ੍ਰਬੰਧ ਵੀ ਨਹੀਂ ਕੀਤਾ ਗਿਆ। ਅਗਲੇ ਦਿਨ ਸਵੇਰੇ ਇੱਕ ਮੋਤੀ ਰਾਮ ਮਹਿਰਾ ਨਾਂ ਦੇ ਦੋਧੀ ਨੇ ਮਾਤਾ ਜੀ ਅਤੇ ਬੱਚਿਆਂ ਨੂੰ ਦੁੱਧ ਪਿਆਇਆ।

ਨਵਾਬ ਵਜੀਦਖਾਨ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਜਿਊਂਦਿਆਂ ਫੜਨ ਦੇ ਲਈ ਸੱਤ ਮਹੀਨੇ ਤੱਕ ਸੈਨਾ ਸਮੇਤ ਆਨੰਦਪੁਰ (ਸਾਹਿਬ) ਦੇ ਆਲੇ ਦੁਆਲੇ ਭਟਕਦਾ ਰਿਹਾ, ਪਰ ਨਿਰਾਸ਼ ਹੋ ਕੇ ਵਾਪਸ ਪਰਤ ਆਇਆ ਸੀ। ਜਦੋਂ ਉਸਨੇ ਗੁਰੂਦੇਵ ਦੇ ਮਾਸੂਮ ਬੱਚਿਆਂ ਅਤੇ ਮਾਤਾ ਜੀ ਨੂੰ ਆਪਣੇ ਕੈਦੀਆਂ ਦੇ ਰੂਪ ਵਿਚ ਵੇਖਿਆ ਤਾਂ ਬਹੁਤ ਖੁਸ਼ ਹੋਇਆ। ਉਸਨੇ ਅਗਲੀ ਸਵੇਰੇ ਬੱਚਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਲਈ ਫਰਮਾਨ ਜਾਰੀ ਕਰ ਦਿੱਤਾ।

ਦਸੰਬਰ ਦੀ ਬਰਫ ਵਰਗੀ ਠੰਡੀ ਰਾਤ ਨੂੰ ਠੰਡੇ ਬੁਰਜ ਵਿਚ ਬੈਠੀ ਮਾਤਾ ਗੁਜਰੀ ਜੀ ਆਪਣੇ ਨੰਨੇ ਮੁੰਨੇ ਦੋਹਾਂ ਪੋਤਿਆਂ ਨੂੰ ਸ਼ਰੀਰ ਦੇ ਨਾਲ ਲਾ ਕੇ ਨਿੱਘਿਆ ਕਰਦੀ ਅਤੇ ਚੁੰਮ ਚੁੰਮ ਕੇ ਸੁਆਉਣ ਦਾ ਯਤਨ ਕਰਦੀ ਰਹੀ।

ਮਾਤਾ ਜੀ ਨੇ ਸਵੇਰ ਹੁੰਦਿਆਂ ਹੀ ਮਾਸੂਮਾਂ ਨੂੰ ਜਗਾਇਆ ਅਤੇ ਪਿਆਰ ਨਾ ਤਿਆਰ ਕੀਤਾ। ਦਾਦੀ ਪੋਤਿਆਂ ਨੂੰ ਕਹਿਣ ਲੱਗੀ, 'ਪਤਾ ਹੈ। ਤੁਸੀਂ ਉਸ ਗੁਰੂ ਗੋਬਿੰਦ ਸਿੰਘ 'ਸ਼ੇਰ' ਗੁਰੂ ਦੇ ਬੱਚੇ ਹੋ, ਜਿਸਨੇ ਅਤਿਆਚਾਰੀਆਂ ਤੋਂ ਕਦੇ ਹਾਰ ਨਹੀਂ ਮੰਨੀ। ਧਰਮ ਦੀ ਆਨ ਅਤੇ ਸ਼ਾਨ ਲਈ ਜਿਸ ਨੇ ਆਪਣਾ ਸਭ ਕੁਝ ਵਾਰ ਦਿੱਤਾ ਅਤੇ ਇਸ ਤੋਂ ਪਹਿਲਾਂ ਆਪਣੇ ਪਿਤਾ ਜੀ ਨੂੰ ਸ਼ਹੀਦੀ ਦੇਣ ਲਈ ਪ੍ਰੇਰਿਤ ਕੀਤਾ ਸੀ, ਵੇਖਣਾ ਕਿਤੇ ਵਜੀਦ ਖਾਨ ਦੁਆਰਾ ਦਿੱਤੇ ਲਾਲਚ ਅਤੇ ਡਰ ਦੇ ਕਾਰਨ ਧਰਮ ਵਿਚ ਕਮਜੋਰੀ ਨਾ ਵਿਖਾ ਦੇਣਾ। ਆਪਣੇ ਪਿਤਾ ਅਤੇ ਧਰਮ ਦੀ ਸ਼ਾਨ ਨੂੰ ਜਾਨ ਨਿਛਾਵਰ ਕਰਕੇ ਵੀ ਕਾਇਮ ਰੱਖਣਾ।'

ਦਾਦੀ ਪੋਤਿਆਂ ਨੂੰ ਇਹ ਸਭ ਕੁਝ ਸਮਝਾ ਰਹੀ ਸੀ ਕਿ ਵਜੀਦ ਖਾਨ ਦੇ ਸਿਪਾਹੀ ਦੋਹਾਂ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਲੈ ਜਾਣ ਲਈ ਆ ਗਏ। ਜਾਂਦੇ ਹੋਏ ਦਾਦੀ ਮਾਂ ਨੇ ਫਿਰ ਸਾਹਿਬਜ਼ਾਦਿਆਂ ਨੂੰ ਚੁੰਮਿਆ ਅਤੇ ਪਿੱਠ ਤੇ ਹੱਥ ਫੇਰਦੇ ਹੋਏ ਉਨ੍ਹਾਂ ਨੂੰ ਸਿਪਾਹਿਆਂ ਦੇ ਨਾਲ ਭੇਜ ਦਿੱਤਾ।

ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਸੀ। ਸਾਹਿਬਜ਼ਾਦਿਆਂ ਨੂੰ ਬਾਰੀ ਰਾਹੀਂ ਅੰਦਰ ਵੜਨ ਲਈ ਕਿਹਾ ਗਿਆ। ਰਾਹ ਵਿਚ ਉਨ੍ਹਾਂ ਨੂੰ ਕਈ ਵਾਰ ਸਮਝਾਇਆ ਗਿਆ ਸੀ ਕਿ ਕਚਹਿਰੀ ਵਿਚ ਪਹੁੰਚਦਿਆਂ ਹੀ ਨਵਾਬ ਦੇ ਸਾਹਮਣੇ ਸਿਰ ਝੁਕਾਉਣਾ ਹੈ। ਜੋ ਸਿਪਾਹੀ ਨਾਲ ਚਲ ਰਹੇ ਸਨ ਪਹਿਲਾਂ ਸਿਰ ਝੁਕਾ ਕੇ ਬਾਰੀ ਦੇ ਅੰਦਰ ਦਾਖਲ ਹੋਏ। ਉਨ੍ਹਾਂ ਦੇ ਪਿਛੇ ਸਾਹਿਬਜ਼ਾਦੇ ਸਨ। ਉਨ੍ਹਾਂ ਨੇ ਬਾਰੀ ਵਿਚ ਪਹਿਲਾਂ ਪੈਰ ਅੱਗੇ ਕੀਤੇ ਫਿਰ ਸਿਰ ਕੱਢਿਆ। ਥਾਣੇਦਾਰ ਨੇ ਬੱਚਿਆਂ ਨੂੰ ਸਮਝਾਇਆ ਕਿ ਉਹ ਨਵਾਬ ਦੇ ਦਰਬਾਰ ਵਿਚ ਝੁੱਕ ਕੇ ਸਲਾਮ ਕਰਨ, ਪਰ ਬੱਚਿਆਂ ਨੇ ਇਸ ਦੇ ਉਲਟ ਜਵਾਬ ਦਿੱਤਾ ਅਤੇ ਕਿਹਾ :- "ਇਹ ਸਿਰ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕੀਤਾ ਹੋਇਆ ਹੈ। ਇਸ ਲਈ ਇਸ ਨੂੰ ਕਿਤੇ ਹੋਰ ਝੁਕਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"

ਕਚਹਿਰੀ ਵਿਚ ਨਵਾਬ ਵਜੀਦ ਖਾਨ ਦੇ ਨਾਲ ਹੋਰ ਵੀ ਵੱਡੇ ਵੱਡੇ ਦਰਬਾਰੀ ਬੈਠੇ ਹੋਏ ਸਨ। ਦਰਬਾਰ ਵਿਚ ਪਹੁੰਚਦਿਆਂ ਹੀ ਜੋਰਾਵਰ ਸਿੰਘ ਅਤੇ ਫਤਹਿ ਸਿੰਘ ਦੋਹਾਂ ਭਰਾਵਾਂ ਨੇ ਗੱਜ ਕੇ ਜੈਕਾਰਾ ਬੋਲਿਆ :- **"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿ ਗੁਰੂ ਜੀ ਕੀ ਫਤਹਿ ।"** ਨਵਾਬ ਅਤੇ ਦਰਬਾਰੀ ਬੱਚਿਆਂ ਦਾ ਸਾਹਸ ਵੇਖ ਕੇ ਹੈਰਾਨੀ ਵਿਚ ਪੈ ਗਏ। ਇੱਕ ਦਰਬਾਰੀ ਸੁੱਚਾ ਨੰਦ ਨੇ ਬੱਚਿਆਂ ਨੂੰ ਕਿਹਾ : ਐ ਬੱਚਿਓ ! ਨਵਾਬ ਸਾਹਿਬ ਨੂੰ ਝੁੱਕ ਕੇ ਸਲਾਮ ਕਰੋ। ਸਾਹਿਬਜ਼ਾਦਿਆਂ ਨੇ ਜਵਾਬ ਦਿੱਤਾ, ਅਸੀਂ ਗੁਰੂ ਅਤੇ ਪ੍ਰਮਾਤਮਾ ਦੇ ਇਲਾਵਾ ਕਿਸੇ ਹੋਰ ਅੱਗੇ ਸਿਰ ਨਹੀਂ ਝੁਕਾਉਂਦੇ ਸਾਨੂੰ ਇਹੀ ਸਿੱਖਿਆ ਮਿਲੀ ਹੋਈ ਹੈ।

ਨਵਾਬ ਵਜੀਦਖਾਨ ਕਹਿਣ ਲੱਗਾ :- "ਓਏ ! ਤੁਹਾਡਾ ਪਿਤਾ ਅਤੇ ਤੁਹਾਡੇ ਦੋਵੇਂ ਵੱਡੇ ਭਰਾ ਯੁੱਧ ਵਿਚ ਮਾਰ ਦਿੱਤੇ ਗਏ ਹਨ। ਤੁਹਾਡੀ ਤਾਂ ਕਿਸਮਤ ਚੰਗੀ ਹੈ ਜੋ ਮੇਰੇ ਦਰਬਾਰ ਵਿਚ ਜਿਉਂਦੇ ਪਹੁੰਚ ਗਏ ਹੋ। ਇਸਲਾਮ ਧਰਮ ਨੂੰ ਕਬੂਲ ਕਰ ਲਵੋ ਤਾਂ ਤੁਹਾਨੂੰ ਰਹਿਣ ਲਈ ਮਹੱਲ, ਖਾਣ ਨੂੰ ਤਰ੍ਹਾਂ ਤਰ੍ਹਾਂ ਦੇ ਪਕਵਾਨ ਅਤੇ ਪਹਿਨਣ ਨੂੰ ਰੇਸ਼ਮੀ ਪੋਸ਼ਾਕਾਂ ਮਿਲਣਗੀਆਂ। ਤੁਹਾਡੀ ਸੇਵਾ ਵਿਚ ਹਰ ਵੇਲੇ ਸੇਵਕ ਹਾਜ਼ਰ ਰਹਿਣਗੇ। ਵੱਡੇ ਹੋ ਜਾਉਗੇ ਤਾਂ ਵੱਡੇ-ਵੱਡੇ ਮੁਸਲਮਾਨ ਜਰਨੈਲਾਂ ਦੀਆਂ ਸੁੰਦਰ ਬੇਟੀਆਂ ਨਾਲ ਤੁਹਾਡਾ ਵਿਆਹ ਕਰ ਦਿੱਤਾ ਜਾਵੇਗਾ। ਤੁਸੀਂ ਸਿੱਖੀ ਤੋਂ ਕੀ ਲੈਣਾ ਹੈ ? ਸਿੱਖ ਧਰਮ ਨੂੰ ਅਸੀਂ ਜੜ੍ਹੋਂ ਉਖਾੜ ਦੇਣਾ ਹੈ। ਅਸੀਂ ਸਿੱਖ ਨਾਂ ਦੀ ਕਿਸੇ ਚੀਜ਼ ਨੂੰ ਰਹਿਣ ਹੀ ਨਹੀਂ ਦਿਆਂਗੇ । ਜੇ ਮੁਸਲਮਾਨ ਬਣਨਾ ਕਬੂਲ ਨਹੀਂ ਕਰੋਗੇ ਤਾਂ ਤਸੀਹੇ ਦੇ ਕੇ ਕੇ ਮਾਰ ਦਿੱਤੇ ਜਾਉਗੇ, ਤੁਹਾਡੇ ਸਰੀਰ ਦੇ ਟੁਕੜੇ ਸੜਕਾਂ ਤੇ ਲਟਕਾ ਦਿੱਤੇ ਜਾਣਗੇ। ਤਾਂ ਕਿ ਭੱਵਿਖ

ਵਿਚ ਕੋਈ ਸਿੱਖ ਬਣਨ ਦਾ ਹੌਂਸਲਾ ਨਾ ਕਰ ਸਕੇ।" ਨਵਾਬ ਬੋਲਦਾ ਗਿਆ। ਪਹਿਲਾਂ ਤਾਂ ਬੱਚੇ ਉਸਦੀ ਮੂਰਖਤਾ ਤੇ ਮੁਸਕਰਾਉਂਦੇ ਰਹੇ, ਫਿਰ ਨਵਾਬ ਵਲੋਂ ਡਰਾਉਣ ਤੇ ਉਨ੍ਹਾਂ ਦੇ ਚਿਹਰੇ ਲਾਲ ਹੋ ਗਏ।

ਇਸ ਵਾਰੀ ਜੋਰਾਵਰ ਸਿੰਘ ਦਹਾੜ ਉਠਿਆ- ਸਾਡੇ ਪਿਤਾ ਅਮਰ ਹਨ। ਉਨ੍ਹਾਂ ਨੂੰ ਮਾਰਨ ਵਾਲਾ ਕੋਈ ਜੰਮਿਆ ਹੀ ਨਹੀਂ। ਉਨ੍ਹਾਂ ਤੇ ਅਕਾਲ ਪੁਰਖ (ਪ੍ਰਮਾਤਮਾ) ਦਾ ਹੱਥ ਹੈ। ਉਸ ਵੀਰ ਯੋਧਾ ਨੂੰ ਮਾਰਨਾ ਅਸੰਭਵ ਹੈ। ਦੂਜੀ ਗੱਲ ਰਹੀ ਇਸਲਾਮ ਕਬੂਲ ਕਰਨ ਦੀ, ਸਾਨੂੰ ਸਿੱਖੀ ਜਾਨ ਤੋਂ ਵੱਧ ਪਿਆਰੀ ਹੈ। ਦੁਨੀਆ ਦਾ ਕੋਈ ਵੀ ਲਾਲਚ ਤੇ ਡਰ ਸਾਨੂੰ ਸਿੱਖੀ ਤੋਂ ਨਹੀਂ ਡੇਗ ਸਕਦਾ। ਅਸੀਂ ਇਸਲਾਮ ਧਰਮ ਕਦੇ ਵੀ ਕਬੂਲ ਨਹੀਂ ਕਰਾਂਗੇ। ਤੁਸੀਂ ਜੋ ਕਰਨਾ ਹੈ, ਕਰ ਲੈਣਾ। ਸਾਡੇ ਦਾਦਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹੀਦ ਹੋਣਾ ਤਾਂ ਕਬੂਲ ਕਰ ਲਿਆ ਪਰ ਧਰਮ ਵਿਚ ਪਰਪੱਕ ਰਹੇ। ਅਸੀਂ ਉਸੇ ਦਾਦਾ ਜੀ ਦੇ ਪੋਤੇ ਹਾਂ, ਅਸੀਂ ਉਸੇ ਦਾਦਾ ਜੀ ਦੇ ਪੋਤੇ ਹਾਂ, ਅਸੀਂ ਜਿਊਂਦੇ ਜੀ ਉਨ੍ਹਾਂ ਦੀ ਸ਼ਾਨ ਨੂੰ ਪੂਰੀ ਤਰ੍ਹਾਂ ਕਾਇਮ ਰਖਾਂਗੇ।

ਸੱਤ ਸਾਲ ਦੇ ਜੋਰਾਵਰ ਸਿੰਘ ਤੇ ਪੰਜ ਸਾਲ ਦੇ ਫਤਹਿ ਸਿੰਘ ਦੇ ਮੂੰਹੋਂ ਬਹਾਦਰਾਂ ਵਾਲੇ ਇਹ ਸ਼ਬਦ ਸੁਣਕੇ ਸਾਰੇ ਦਰਬਾਰ ਵਿਚ ਸੰਨਾਟਾ ਛਾ ਗਿਆ। ਨਵਾਬ ਵਜੀਦ ਖਾਨ ਵੀ ਬੱਚਿਆਂ ਦੀ ਬਹਾਦਰੀ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ। ਪਰ ਉਸਨੇ ਕਾਜੀ ਨੂੰ ਸਾਹਿਬਜਾਦਿਆਂ ਦੇ ਲਈ ਫਤਵਾ (ਸਜਾ) **ਦੇਣ ਲਈ ਕਿਹਾ :-** ਕਾਜ਼ੀ ਨੇ ਉੱਤਰ ਦਿੱਤਾ ਕਿ ਬੱਚਿਆਂ ਦੇ ਲਈ ਫਤਵਾ (ਸਜ਼ਾ) ਨਹੀਂ ਸੁਣਾਇਆ ਜਾ **ਸਕਦਾ। ਤਦ ਸੁੱਚਾ ਨੰਦ ਬੋਲਿਆ :-** ਇੰਨੀ ਛੋਟੀ ਉਮਰ ਵਿਚ ਇਹ ਰਾਜ ਦਰਬਾਰ ਵਿਚ ਐਨੀ ਅੱਗ ਉਗਲ ਸਕਦੇ ਹਨ ਤਾਂ ਵੱਡੇ ਹੋ ਕੇ ਤਾਂ ਇਹ ਹਕੂਮਤ ਨੂੰ ਹੀ ਅੱਗ ਲਾ ਦੇਣਗੇ। ਇਹ ਬੱਚੇ ਨਹੀਂ ਸੱਪ ਹਨ। ਸਿਰ ਤੋਂ ਪੈਰਾਂ ਤਕ ਜ਼ਹਿਰ ਨਾਲ ਭਰੇ ਹੋਏ। ਇੱਕ ਗੁਰੂ ਗੋਬਿੰਦ ਸਿੰਘ ਹੀ ਵੱਸ ਵਿਚ ਨਹੀਂ ਆ ਰਹੇ, ਜਦ ਇਹ ਵੱਡੇ ਹੋ ਗਏ ਤਾਂ ਉਨ੍ਹਾਂ ਤੋਂ ਵੀ ਦੋ ਕਦਮ ਅੱਗੇ ਵੱਧ ਜਾਣਗੇ। ਸੱਪ ਨੂੰ ਪੈਦਾ ਹੁੰਦਿਆਂ ਹੀ ਮਾਰ ਦੇਣਾ ਚਾਹੀਦਾ ਹੈ। ਵੇਖੋ, ਇਨ੍ਹਾਂ ਦਾ ਹੌਂਸਲਾ ! ਨਵਾਬ ਦਾ ਅਪਮਾਨ ਕਰਨ ਤੋਂ ਵੀ ਨਹੀਂ ਝਿਜਕੇ । ਇਨ੍ਹਾਂ ਨੂੰ ਤਾਂ ਹੁਣੇ ਹੀ ਖਤਮ ਕਰ ਦੇਣਾ ਚਾਹੀਦਾ ਹੈ। ਨਵਾਬ ਨੇ ਬਾਕੀ ਦਰਬਾਰੀਆਂ ਵੱਲ ਪ੍ਰਸ਼ਨਵਾਚਕ ਨਜ਼ਰ ਨਾਲ ਵੇਖਿਆ ਕਿ ਕੋਈ ਹੋਰ ਸੁੱਚਾ ਨੰਦ ਦੀ ਗੱਲ ਦੀ ਹਮਾਇਤ ਕਰਦਾ ਹੈ ਜਾਂ ਨਹੀਂ, ਪਰ ਸਾਰੇ ਦਰਬਾਰੀ ਪੱਥਰ ਦੇ ਬੁੱਤ ਬਣੇ ਖੜੇ ਰਹੇ। ਕਿਸੇ ਨੇ ਵੀ ਸੁੱਚਾ ਨੰਦ ਦੀ ਹਾਂ ਵਿਚ ਹਾਂ ਨਹੀਂ ਮਿਲਾਈ।

**ਤਦ ਵਜੀਦ ਖਾਨ ਨੇ ਮਲੇਰ ਕੋਟਲੇ ਦੇ ਨਵਾਬ ਤੋਂ ਪੁਛਿਆ :-** "ਤੁਹਾਡਾ ਕੀ ਖਿਆਲ ਹੈ ? ਤੁਹਾਡਾ

ਭਰਾ ਅਤੇ ਭਤੀਜਾ ਵੀ ਤਾਂ ਗੁਰੂਜੀ ਦੇ ਹੱਥੋਂ ਚਮਕੌਰ ਵਿਚ ਮਾਰੇ ਗਏ ਹਨ। ਲਓ, ਬਦਲਾ ਲੈਣ ਦਾ ਸ਼ੁਭ ਮੌਕਾ ਆ ਗਿਆ ਹੈ, ਇਨ੍ਹਾਂ ਬੱਚਿਆਂ ਨੂੰ ਮੈਂ ਤੁਹਾਡੇ ਹਵਾਲੇ ਕਰਦਾ ਹਾਂ। ਇਨ੍ਹਾਂ ਨੂੰ ਮੌਤ ਦੀ ਸਜ਼ਾ ਦੇ ਕੇ ਤੁਸੀਂ ਆਪਣੇ ਭਾਈ ਭਤੀਜੇ ਦਾ ਬਦਲਾ ਲੈ ਸਕਦੇ ਹੋ।

ਮਲੇਰ ਕੋਟਲੇ ਦਾ ਨਵਾਬ ਪਠਾਣ ਦਾ ਪੁੱਤਰ ਸੀ । ਉਸ ਸ਼ੇਰ ਦਿਲ ਪਠਾਣ ਨੇ ਮਾਸੂਮ ਬੱਚਿਆਂ ਤੋਂ ਬਦਲਾ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਉਸਨੇ ਕਿਹਾ, ਇਨ੍ਹਾਂ ਬੱਚਿਆਂ ਦਾ ਕੀ ਕਸੂਰ ਹੈ? ਜੇ ਬਦਲਾ ਲੈਣਾ ਹੀ ਹੈ ਤਾਂ ਇਨ੍ਹਾਂ ਦੇ ਪਿਤਾ ਤੋਂ ਲੈਣਾ ਚਾਹੀਦਾ ਹੈ। ਮੇਰੇ ਭਰਾ ਅਤੇ ਭਤੀਜਾ ਗੁਰੂ ਗੋਬਿੰਦ ਸਿੰਘ ਦੇ ਨਾਲ ਯੁੱਦ ਕਰਦੇ ਹੋਏ ਰਣ-ਖੇਤਰ ਵਿਚ ਸ਼ਹੀਦ ਹੋਏ ਹਨ, ਕਤਲ ਨਹੀਂ ਕੀਤੇ ਗਏ। ਇਨ੍ਹਾਂ ਬੱਚਿਆਂ ਨੂੰ ਮਾਰਨਾ ਮੈਂ ਬਜ਼ਦਿਲੀ ਸਮਝਦਾ ਹਾਂ। ਇਸ ਲਈ ਇਨ੍ਹਾਂ ਬੇਕਸੂਰ ਬੱਚਿਆਂ ਨੂੰ ਛੱਡ ਦਿਉ। ਮਲੇਰ ਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਚਮਕੌਰ ਦੇ ਯੁੱਧ ਤੋਂ ਵਜੀਦ ਖਾਨ ਦੇ ਨਾਲ ਹੀ ਵਾਪਸ ਆਇਆ ਸੀ ਅਤੇ ਅਜੇ ਸਰਹੰਦ ਵਿਖੇ ਹੀ ਸੀ।

ਨਵਾਬ ਉਤੇ ਸੁੱਚਾ ਨੰਦ ਵਲੋਂ ਬੱਚਿਆਂ ਦੇ ਲਈ ਦਿੱਤੀ ਸਲਾਹ ਦਾ ਪ੍ਰਭਾਵ ਤਾਂ ਪਿਆ ਹੀ ਸੀ, ਪਰ ਉਹ ਬੱਚਿਆਂ ਨੂੰ ਮਾਰਨ ਦੀ ਬਜਾਏ ਇਸਲਾਮ ਵਿਚ ਸ਼ਾਮਲ ਕਰਨ ਦੇ ਹੱਕ ਵਿਚ ਸੀ। ਉਹ ਚਾਹੁੰਦਾ ਸੀ ਕਿ ਇਤਿਹਾਸ ਦੇ ਪੰਨਿਆਂ ਤੇ ਲਿਖਿਆ ਜਾਵੇ ਕਿ ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਨੇ ਸਿੱਖ ਧਰਮ ਨਾਲੋਂ ਇਸਲਾਮ ਨੂੰ ਚੰਗਾ ਸਮਝਿਆ ਅਤੇ ਮੁਸਲਮਾਨ ਬਣ ਗਏ। ਆਪਣੀ ਇਸ ਇੱਛਾ ਦੀ ਪੂਰਤੀ ਲਈ ਉਸਨੇ ਗੁੱਸੇ ਤੇ ਕਾਬੂ ਪਾ ਲਿਆ ਅਤੇ ਕਹਿਣ ਲੱਗਾ, "ਬੱਚਿਉ ਜਾਓ, ਆਪਣੀ ਦਾਦੀ ਦੇ ਕੋਲ, ਕਲ ਆ ਕੇ ਮੇਰੀਆਂ ਗੱਲਾਂ ਦਾ ਸਹੀ-ਸਹੀ ਸੋਚ ਕੇ ਜਵਾਬ ਦੇਣਾ। ਦਾਦੀ ਨਾਲ ਵੀ ਸਲਾਹ ਕਰ ਲੈਣਾ। ਹੋ ਸਕਦਾ ਹੈ ਤੁਹਾਨੂੰ ਪਿਆਰ ਕਰਨ ਵਾਲੀ ਦਾਦੀ ਤੁਹਾਡੀ ਜਾਨ ਦੀ ਰੱਖਿਆ ਦੇ ਲਈ ਤੁਹਾਡਾ ਇਸਲਾਮ ਵਿਚ ਆਉਣਾ ਕਬੂਲ ਕਰ ਲਵੇ।

ਬੱਚੇ ਕੁਝ ਕਹਿਣਾ ਚਾਹੁੰਦੇ ਸਨ ਪਰ ਵਜੀਦ ਖਾਨ ਜਲਦੀ ਹੀ ਉਠ ਕੇ ਇਕ ਪਾਸੇ ਹੋ ਗਿਆ ਅਤੇ ਸਿਪਾਹੀ ਬੱਚਿਆਂ ਨੂੰ ਦਾਦੀ ਮਾਂ ਵੱਲ ਲੈ ਕੇ ਚੱਲ ਪਏ।

ਬੱਚਿਆਂ ਨੂੰ ਪੂਰਨ ਸਿੱਖੀ ਸਰੂਪ ਵਿਚ ਅਤੇ ਚਿਹਰਿਆਂ ਤੇ ਪਹਿਲਾਂ ਦੀ ਤਰ੍ਹਾਂ ਜਲਾਲ ਵੇਖ ਕੇ ਦਾਦੀ ਨੇ ਸੁੱਖ ਦਾ ਸਾਹ ਲਿਆ। ਅਕਾਲ ਪੁਰਖ ਦਾ ਦਿਲੋਂ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਬਾਹਾਂ ਵਿਚ ਸਮੇਟ

ਲਿਆ। ਕਾਫੀ ਦੇਰ ਬੱਚੇ ਦਾਦੀ ਦੀ ਜੱਫੀ ਵਿਚ ਪਿਆਰ ਦਾ ਆਨੰਦ ਲੈਂਦੇ ਰਹੇ। ਦਾਦੀ ਨੇ ਅੱਖਾਂ ਖੋਲੀਆਂ, ਜੱਫੀ ਢਿੱਲੀ ਕੀਤੀ ਤਦ ਤੱਕ ਸਿਪਾਹੀ ਜਾ ਚੁਕੇ ਸਨ।

ਹੁਣ ਮਾਤਾ ਗੁਜਰੀ ਜੀ ਹੌਲੀ-ਹੌਲੀ ਪੋਤਿਆਂ ਤੋਂ ਕਚਹਿਰੀ ਵਿਚ ਹੋਏ ਵਾਰਤਾਲਾਪ ਬਾਰੇ ਪੁੱਛਣ ਲੱਗੇ। ਬੱਚੇ ਵੀ ਦਾਦੀ ਮਾਂ ਨੂੰ ਕਚਹਿਰੀ ਵਿੱਚ ਹੋਏ ਵਾਰਤਾਲਾਪ ਬਾਰੇ ਦੱਸਣ ਲੱਗੇ। ਉਨ੍ਹਾਂ ਨੇ ਸੁੱਚਾ ਨੰਦ ਵਲੋਂ ਬਲਦੀ ਤੇ ਤੇਲ ਪਾਉਣ ਦੇ ਬਾਰੇ ਵੀ ਦਾਦੀ ਮਾਂ ਨੂੰ ਦੱਸਿਆ।

ਦਾਦੀ ਮਾਂ ਨੇ ਕਿਹਾ, "ਸ਼ਾਬਾਸ਼ ਬੱਚਿਉ ! ਤੁਸੀਂ ਆਪਣੇ ਪਿਤਾ ਅਤੇ ਦਾਦਾ ਜੀ ਦੀ ਸ਼ਾਨ ਨੂੰ ਕਾਇਮ ਰਖਣਾ ਹੈ। ਕਲ ਫਿਰ ਤੁਸਾਂ ਨੂੰ ਕਚਹਰੀ ਵਿਚ ਹੋਰ ਵਧੇਰੇ ਲਾਲਚ ਅਤੇ ਡਰਾਵੇ ਦਿੱਤੇ ਜਾਣਗੇ। ਵੇਖਣਾ, ਅੱਜ ਵਾਂਗ ਹੀ ਧਰਮ ਨੂੰ ਜਾਨ ਤੋਂ ਵੀ ਵੱਧ ਪਿਆਰਾ ਸਮਝਣਾ ਅਤੇ ਇਵੇਂ ਹੀ ਦ੍ਰਿੜ ਰਹਿਣਾ। ਜੇ ਤਸੀਹ ਦਿੱਤੇ ਜਾਣ ਤਾਂ ਅਕਾਲ ਪੁਰਖ ਦਾ ਧਿਆਨ ਕਰਦਿਆਂ ਹੋਇਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ਨੂੰ ਅੱਖਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਨਾ। ਭਾਈ ਮਤੀਦਾਸ ਅਤੇ ਭਾਈ ਦਿਆਲਾ ਨੇ ਵੀ ਗੁਰੂ ਚਰਨਾਂ ਦਾ ਧਿਆਨ ਧਰਦਿਆਂ ਮੁਸਕਰਾਉਂਦਿਆਂ ਹੋਇਆ ਸਰੀਰ ਚਿਰਵਾ ਲਿਆ ਅਤੇ ਪਾਣੀ ਵਿਚ ਉਬਲ ਗਏ ਸਨ। ਤੁਹਾਡੇ ਵਿਦਾ ਹੋਣ ਤੇ ਮੈਂ ਵੀ ਤੁਹਾਡੀ ਸਿੱਖੀ ਸਿਦਕ ਦੀ ਦ੍ਰਿੜਤਾ ਦੇ ਲਈ ਗੁਰੂ ਚਰਨਾਂ ਵਿਚ ਅਤੇ ਅਕਾਲ ਪੁਰਖ ਦੇ ਸਾਹਮਣੇ ਸਿਮਰਨ ਵਿਚ ਜੁੜ ਕੇ ਅਰਦਾਸ ਕਰਦੀ ਰਹਾਂਗੀ। ਇਹ ਕਹਿੰਦਿਆਂ ਦਾਦੀ ਮਾਂ ਬੱਚਿਆਂ ਨੂੰ ਆਪਣੀ ਗੋਦੀ ਵਿਚ ਲੈ ਕੇ ਸੌਂ ਗਈ।

ਅਗਲੇ ਦਿਨ ਵੀ ਕਚਹਿਰੀ ਵਿਚ ਪਹਿਲਾਂ ਵਰਗਾ ਹੀ ਸਭ ਕੁਝ ਹੋਇਆ ਅਤੇ ਹੋਰ ਵਧੇਰੇ ਲਾਲਚ ਦਿੱਤੇ ਗਏ ਤੇ ਧਮਕਾਇਆ ਗਿਆ। ਬੱਚੇ ਧਰਮ ਤੋਂ ਨਹੀਂ ਡੋਲੇ। ਨਵਾਬ ਨੇ ਲਾਲਚ ਦੇ ਕੇ ਬੱਚਿਆਂ ਨੂੰ ਧਰਮ ਤੋਂ ਡਿਗਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਕਿਹਾ ਕਿ ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਉਨ੍ਹਾਂ ਨੂੰ ਜਾਗੀਰਾਂ ਦਿੱਤੀਆਂ ਜਾਣਗੀਆਂ। ਵੱਡੇ ਹੋਣ ਤੇ ਸ਼ਾਹੀ ਖਾਨਦਾਨ ਦੀਆਂ ਸ਼ਹਿਜ਼ਾਦੀਆਂ ਦੇ ਨਾਲ ਵਿਆਹ ਕਰ ਦਿੱਤਾ ਜਾਵੇਗਾ। ਸ਼ਾਹੀ ਖਜ਼ਾਨੇ ਦੇ ਮੂੰਹ ਉਨ੍ਹਾਂ ਦੇ ਲਈ ਖੋਲ੍ਹ ਦਿੱਤੇ ਜਾਣਗੇ।

ਨਵਾਬ ਦਾ ਖਿਆਲ ਸੀ ਕਿ ਭੋਲੀ-ਭਾਲੀ ਸੂਰਤ ਵਾਲੇ ਇਹ ਬੱਚੇ ਲਾਲਚ ਵਿਚ ਆ ਜਾਣਗੇ। ਪਰ ਉਹ ਤਾਂ ਗੁਰੂ ਗੋਬਿੰਦ ਸਿੰਘ ਦੇ ਬੱਚੇ ਸਨ। ਮਾਮੂਲੀ ਇਨਸਾਨ ਦੇ ਨਹੀਂ। ਉਨ੍ਹਾਂ ਨੇ ਕਿਸੇ ਸ਼ਰਤ ਅਤੇ ਲਾਲਚ ਵਿਚ ਆ ਕੇ ਇਸਲਾਮ ਕਬੂਲ ਕਰਨ ਤੋਂ ਇਕਦਮ ਸਪਸ਼ਟ ਇਨਕਾਰ ਕਰ ਦਿੱਤਾ।

ਹੁਣ ਨਵਾਬ ਧਮਕੀਆਂ ਤੇ ਆ ਗਿਆ, ਗੁੱਸੇ ਵਿਚ ਲਾਲ ਪੀਲਾ ਹੋ ਕੇ ਕਹਿਣ ਲੱਗਾ, "ਜੇ ਇਸਲਾਮ ਕਬੂਲ ਨਾ ਕੀਤਾ ਤਾਂ ਮੌਤ ਦੇ ਘਾਟ ਉਤਾਰ ਦਿੱਤੇ ਜਾਉਗੇ, ਫਾਂਸੀ ਚੜ੍ਹਾ ਦਿਆਂਗਾ, ਜਿਉਂਦਿਆਂ ਦੀਵਾਰ ਵਿਚ ਚਿਣਵਾ ਦਿਆਂਗਾ। ਬੋਲੋ, ਕੀ ਮਨਜ਼ੂਰ ਹੈ ਮੌਤ ਜਾਂ ਇਸਲਾਮ ?"

ਜ਼ੋਰਾਵਰ ਸਿੰਘ ਨੇ ਹਲਕੀ ਜਿਹੀ ਮੁਸਕਰਾਹਟ ਬੁਲ੍ਹਾਂ ਤੇ ਲਿਆਉਂਦਿਆਂ ਆਪਣੇ ਭਰਾ ਨੂੰ ਕਿਹਾ, "ਭਾਈ, ਸਾਡੇ ਸ਼ਹੀਦ ਹੋਣ ਦਾ ਮੌਕਾ ਆ ਗਿਆ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸਾਡੇ ਦਾਦਾ ਜੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਸੀਸ ਦੇ ਕੇ ਸ਼ਹੀਦੀ ਪਾਈ ਸੀ। ਤੁਹਾਡਾ ਕੀ ਖਿਆਲ ਹੈ ?"

ਫਤਹਿ ਸਿੰਘ ਨੇ ਉੱਤਰ ਦਿੱਤਾ, "ਵੀਰ ਜੀ, ਸਾਡੇ ਦਾਦਾ ਜੀ ਨੇ ਸੀਸ ਦਿੱਤਾ ਪਰ ਧਰਮ ਨਹੀਂ ਹਾਰਿਆ। ਉਨ੍ਹਾਂ ਦਾ ਉਦਾਹਰਣ ਸਾਡੇ ਸਾਹਮਣੇ ਹੈ। ਅਸੀਂ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਹੋਇਆ ਹੈ। ਸਾਨੂੰ ਮੌਤ ਦਾ ਕੀ ਡਰ ? ਮੇਰਾ ਤਾਂ ਵਿਚਾਰ ਹੈ ਕਿ ਅਸੀਂ ਵੀ ਆਪਣਾ ਸੀਸ ਧਰਮ ਦੇ ਲਈ ਦੇ ਕੇ ਮੁਗਲਾਂ ਉੱਤੇ ਪ੍ਰਮਾਤਮਾ ਦੇ ਕਹਿਰ ਦੀ ਲਾਹਨਤ ਪਾਈਏ।"

ਜੋਰਾਵਰ ਸਿੰਘ ਨੇ ਕਿਹਾ, "ਅਸੀਂ ਗੁਰੂ ਗੋਬਿੰਦ ਸਿੰਘ ਜਿਹੀ ਮਹਾਨ ਹਸਤੀ ਦੇ ਪੁੱਤਰ ਹਾਂ, ਜਿਵੇਂ ਸਾਡਾ ਦਾਦਾ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦ ਹੋ ਚੁੱਕੇ ਹਨ, ਉਵੇਂ ਹੀ ਅਸੀਂ ਆਪਣੇ ਖਾਨਦਾਨ ਦੀ ਪਰੰਪਰਾ ਨੂੰ ਬਣਾਈ ਰਖਾਂਗੇ। ਸਾਡੇ ਖਾਨਦਾਨ ਦੀ ਰੀਤ ਹੈ, "ਸਿਰ ਜਾਵੇ ਤਾਂ ਜਾਵੇ, ਪਰ ਸਿੱਖੀ ਸਿਦਕ ਨ ਜਾਏ।' ਅਸੀਂ ਧਰਮ ਬਦਲਣ ਦੀ ਗੱਲ ਠੁਕਰਾ ਕੇ ਫਾਂਸੀ ਦੇ ਤਖਤੇ ਨੂੰ ਚੁੰ ਲਵਾਂਗੇ।"

ਜੋਸ਼ ਵਿਚ ਆ ਕੇ ਫਤਹਿ ਸਿੰਘ ਨੇ ਕਿਹਾ : "ਸੁਣ ਐ ਸੂਬੇਦਾਰ ! ਅਸੀਂ ਤੇਰੇ ਧਰਮ ਨੂੰ ਠੁਕਰਾਉਂਦੇ ਹਾਂ। ਆਪਣਾ ਧਰਮ ਨਹੀਂ ਛਡਾਂਗੇ। ਐ ਮੂਰਖ, ਤੂੰ ਸਾਨੂੰ ਦੁਨਿਆਵੀ ਲਾਲਚ ਕਿਉਂ ਦੇਂਦਾ ਹੈ? ਅਸੀਂ ਤੇਰੇ ਝਾਂਸੇ ਵਿਚ ਆਉਣ ਵਾਲੇ ਨਹੀਂ। ਸਾਡੇ ਦਾਦਾ ਜੀ ਨੂੰ ਮਾਰ ਕੇ ਮੁਗਲਾਂ ਨੇ ਇਕ ਭਾਂਬੜ ਮਚਾ ਦਿੱਤਾ ਹੈ, ਜਿਸ ਵਿਚ ਉਹ ਆਪ ਹੀ ਭਸਮ ਹੋ ਜਾਣਗੇ। ਸਾਡੀ ਮੌਤ ਇਸ ਭਾਂਬੜ ਨੂੰ ਹਵਾ ਦੇ ਕੇ ਜਵਾਲਾ ਬਣਾ ਦੇਵੇਗੀ।

ਸੁੱਚਾ ਨੰਦ ਨੇ ਨਵਾਬ ਨੂੰ ਸਲਾਹ ਦਿੱਤੀ ਕਿ ਬੱਚਿਆਂ ਦੀ ਪ੍ਰੀਖਿਆ ਲਈ ਜਾਣੀ ਚਾਹੀਦੀ ਹੈ, ਇਸ ਲਈ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਖਿਡਾਉਣੇ ਦਿੱਤੇ ਗਏ। ਬੱਚਿਆਂ ਨੇ ਉਨ੍ਹਾਂ ਖਿਡੌਣਿਆਂ ਵਿਚੋਂ ਧਨੁਸ਼ ਬਾਣ, ਤਲਵਾਰ ਆਦਿ ਅਸ਼ਤਰ ਸ਼ਸਤਰ ਰੂਫ ਵਾਲੇ ਖਿਡੌਣੇ ਚੁਣ ਲਏ। ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਇਨ੍ਹਾਂ ਨਾਲ ਤੁਸੀਂ ਕੀ ਕਰੋਗੇ ਤਾਂ ਉਨ੍ਹਾਂ ਦਾ ਉੱਤਰ ਸੀ ਕਿ ਯੁੱਧ ਦਾ ਅਭਿਆਸ ਕਰਾਂਗੇ। ਵਜੀਦ ਖਾਨ ਨੇ ਚੜ੍ਹਦੀ ਕਲਾ ਦੇ ਇਹ ਵਿਚਾਰ ਸੁਣੇ। ਕਾਜੀ ਦੇ ਮਨ ਵਿਚ ਇਹ ਗੱਲ ਘਰ ਕਰ ਗਈ ਕਿ ਸੁੱਚਾ ਨੰਦ ਠੀਕ ਹੀ ਕਹਿੰਦਾ ਹੈ ਕਿ ਸੱਪ ਦੇ ਬੱਚੇ ਸੱਪ ਹੀ ਹੁੰਦੇ ਹਨ। ਵਜੀਦ ਖਾਨ ਨੇ ਕਾਜੀ ਨਾਲ ਸਲਾਹ ਕਰਕੇ ਉਸਨੂੰ ਦੁਬਾਰਾ ਫਤਵਾ ਦੇਣ ਲਈ ਕਿਹਾ, ਇਸ ਵਾਰ ਕਾਜੀ ਨੇ ਕਿਹਾ ਕਿ ਬੱਚੇ ਕਸੂਰਵਾਰ ਹਨ ਕਿਉਂਕਿ ਬਗਾਵਤ ਤੇ ਤੁਲੇ ਹੋਏ ਹਨ ਇਨ੍ਹਾਂ ਨੂੰ ਕਿਲ੍ਹੇ ਦੀਆਂ ਕੰਧਾਂ ਵਿਚ ਚਿਣ ਕੇ ਕਤਲ ਕਰ ਦੇਣਾ ਚਾਹੀਦਾ ਹੈ।

ਕਚਹਿਰੀ ਵਿਚ ਬੈਠੇ ਮੇਲਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਨੇ ਕਿਹਾ, "ਨਵਾਬ ਸਾਹਿਬ ਇਨ੍ਹਾਂ ਬੱਚਿਆਂ ਨੇ ਕੋਈ ਕਸੂਰ ਨਹੀਂ ਕੀਤਾ, ਇਨ੍ਹਾਂ ਦੇ ਪਿਤਾ ਦੇ ਕਸੂਰ ਦੀ ਸਜ਼ਾ ਇਨ੍ਹਾਂ ਨੂੰ ਨਹੀਂ ਮਿਲਣੀ ਚਾਹੀਦੀ। ਇਸਲਾਮ ਦੀ ਸ਼ਰਾ ਅਨੁਸਾਰ ਸਜ਼ਾ ਉਸੇ ਨੂੰ ਮਿਲਣੀ ਚਾਹੀਦੀ ਹੈ ਜੋ ਕਸੂਰਵਾਰ ਹੋਵੇ ਦੂਜਿਆਂ ਨੂੰ ਨਹੀਂ।"

ਕਾਜ਼ੀ ਬੋਲਿਆ, "ਸ਼ੇਰ ਮੁਹੰਮਦ ! ਇਸਲਮੀ ਸ਼ਰ੍ਹਾ ਨੂੰ ਮੈਂ ਤੇਰੇ ਨਾਲ ਬਿਹਤਰ ਜਾਣਦਾ ਹਾਂ। ਮੈਂ ਸ਼ਰ੍ਹਾ ਦੇ ਅਨੁਸਾਰ ਹੀ ਸਜ਼ਾ ਸੁਣਾਈ ਹੈ।"

ਤੀਜੇ ਦਿਨ ਬੱਚਿਆਂ ਨੂੰ ਕਚਹਿਰੀ ਭੇਜਦੇ ਸਮੇਂ ਦਾਦੀ ਮਾਂ ਦੀਆਂ ਅੱਖਾਂ ਦੇ ਸਾਹਮਣੇ ਹੋਣ ਵਾਲੇ ਕਾਂਡ ਦੀ ਤਸਵੀਰ ਬਣਦੀ ਜਾ ਰਹੀ ਸੀ। ਦਾਦੀ ਮਾਂ ਨੂੰ ਯਕੀਨ ਸੀ ਕਿ ਅੱਜ ਦਾ ਵਿਛੋੜਾ ਬੱਚਿਆਂ ਤੋਂ ਸਦਾ ਦੇ ਲਈ ਵਿਛੋੜਾ ਬਣ ਜਾਵੇਗਾ। ਪਰ ਮਾਤਾ ਗੁਜਰੀ ਜੀ ਨੂੰ ਇਹ ਵੀ ਯਕੀਨ ਸੀ ਕਿ ਮੇਰੇ ਮਾਸੂਮ ਪੋਤੇ ਅੱਜ ਜੀਵਨ ਕੁਰਬਾਨ ਕਰਕੇ ਵੀ ਧਰਮ ਦੀ ਰੱਖਿਆ ਕਰਨਗੇ।

ਮਾਸੂਮ ਪੋਤਿਆਂ ਨੂੰ ਜੀਅ ਭਰ ਕੇ ਪਿਆਰ ਕੀਤਾ, ਮੱਥਾ ਚੁੰਮਿਆ, ਪਿੱਠ ਥਾਪੜੀ ਅਤੇ

ਵਰਦੀਧਾਰੀ ਸਿਪਾਹੀਆਂ ਨਾਲ ਹੋਣੀ ਦੇ ਨਾਲ ਨਿਪਟਣ ਲਈ ਵਿਦਾ ਕੀਤਾ। ਦਾਦੀ ਮਾਂ ਟਿਕਟਿਕੀ ਲਾ ਕੇ ਉਦੋਂ ਤੱਕ ਸੁੰਦਰ ਬੱਚਿਆਂ ਵੱਲ ਵੇਖਦੇ ਰਹੇ ਜਦ ਤੱਕ ਉਹ ਅੱਖਾਂ ਤੋਂ ਔਝਲ ਨ ਹੋ ਗਏ।

ਮਾਤਾ ਗੁਜਰੀ ਜੀ ਪੋਤਿਆਂ ਨੂੰ ਸਿਪਾਹੀਆਂ ਦੇ ਨਾਲ ਭੇਜ ਕੇ ਵਾਪਸ ਠੰਡੇ ਬੁਰਜ ਵਿਚ ਗੁਰੂ ਚਰਨਾਂ ਵਿਚ ਧਿਆਨ ਧਰ ਕੇ ਵਾਹਿਗੁਰੂ ਦੇ ਦਰ ਤੇ ਪ੍ਰਾਰਥਨਾ ਕਰਨ ਲੱਗੇ, "ਹੇ ਅਕਾਲ ਪੁਰਖ ! ਬੱਚਿਆਂ ਦੇ ਸਿੱਖੀ ਸਿਦਕ ਨੂੰ ਕਾਇਮ ਰੱਖਣ ਵਿਚ ਸਹਾਈ ਹੋਣਾ। ਦਾਤਾ ! ਧੀਰਜ ਅਤੇ ਬਲ ਇਨ੍ਹਾਂ ਮਾਸੂਮ ਗੁਰੂ ਪੁੱਤਰਾਂ ਨੂੰ ਬਖਸ਼ਣਾ ਤਾਂਕਿ ਬੱਚੇ ਕਸ਼ਟਾਂ ਦਾ ਸਾਹਮਣਾ ਬਹਾਦਰੀ ਨਾਲ ਕਰ ਸਕਣ।"

ਤੀਸਰੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਲਿਆ ਕੇ ਡਰਾਇਆ ਧਮਕਾਇਆ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਜੇ ਉਹ ਇਸਲਾਮ ਅਪਣਾ ਲੈਣ ਤਾਂ ਉਨ੍ਹਾਂ ਦਾ ਕਸੂਰ ਮੁਆਫ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਸ਼ਹਿਜ਼ਾਦਿਆਂ ਵਰਗੀਆਂ ਸੁਖ-ਸਹੂਲਤਾਂ ਮਿਲ ਸਕਦੀਆਂ ਹਨ। ਪਰ ਸਾਹਿਬਜ਼ਾਦੇ ਆਪਣੇ ਇਰਾਦੇ ਤੇ ਅੱਟਲ ਰਹੇ। ਉਨ੍ਹਾਂ ਦੀ ਦ੍ਰਿੜਤਾ ਸੀ ਕਿ ਸਿੱਖੀ ਸ਼ਾਨ ਕੇਸਾਂ ਸਵਾਸਾਂ ਸੰਗ ਨਿਭਾਉਣੀ ਹੈ। ਸਾਹਿਬਜ਼ਾਦਿਆਂ ਦੀ ਦ੍ਰਿੜਤਾ ਵੇਖ ਕੇ ਉਨ੍ਹਾਂ ਨੂੰ ਕਿਲ੍ਹੇ ਦੀ ਕੰਧ ਦੀ ਨੀਂਹ ਵਿਚ ਚਿਣਵਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਪਰ ਬੱਚਿਆਂ ਨੂੰ ਸ਼ਹੀਦ ਕਰਨ ਦੇ ਲਈ ਕੋਈ ਜਲਾਦ ਤਿਆਰ ਨਾ ਹੋਇਆ। ਅਚਾਨਕ ਦਿੱਲੀ ਦੇ ਸ਼ਾਹੀ ਜਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਆਪਣੇ ਇੱਕ ਮੁਕੱਦਮੇ ਦੇ ਸੰਬੰਧ ਵਿਚ ਸਰਹੰਦ ਆਏ। ਉਨ੍ਹਾਂ ਨੇ ਆਪਣੇ ਇੱਕ ਮੁਕੱਦਮੇ ਵਿਚ ਮੁਆਫੀ ਦਾ ਵਾਅਦਾ ਲੈ ਕੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨਾ ਮੰਨ ਲਿਆ, ਬੱਚਿਆਂ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਗਿਆ। ਉਨ੍ਹਾਂ ਨੇ ਜੋਰਾਵਰ ਸਿੰਘ ਤੇ ਫਤਹਿ ਸਿੰਘ ਨੂੰ ਕਿਲ੍ਹੇ ਦੀ ਨੀਂਹ ਵਿਚ ਖੜਾ ਕਰਕੇ ਉਨ੍ਹਾਂ ਦੇ ਆਸੇ ਪਾਸੇ ਦੀਵਾਰ ਚਿਣਵਾਉਣੀ ਸ਼ੁਰੂ ਕਰ ਦਿੱਤੀ।

ਬਣਦਿਆਂ ਬਣਦਿਆਂ ਕੰਧ ਜਦੋਂ ਫਤਹਿ ਸਿੰਘ ਦੇ ਸਿਰ ਦੇ ਨੇੜੇ ਆ ਗਈ ਤਾਂ ਜੋਰਾਵਰ ਸਿੰਘ ਦੁੱਖੀ ਦਿੱਸਣ ਲੱਗਾ। ਕਾਜ਼ੀਆਂ ਨੇ ਸੋਚਿਆ ਸ਼ਾਇਦ ਉਹ ਘਬਰਾ ਗਏ ਹਨ ਅਤੇ ਧਰਮ ਬਦਲਣ ਲਈ ਤਿਆਰ ਹੋ ਜਾਣਗੇ। ਉਨ੍ਹਾਂ ਤੋਂ ਦੁੱਖੀ ਹੋਣ ਦਾ ਕਾਰਨ ਪੁੱਛਿਆ ਗਿਆ ਤਾਂ ਜੋਰਾਵਰ ਬੋਲੇ "ਮੌਤ ਦਾ ਡਰ ਤਾਂ ਮੈਨੂੰ ਬਿਲਕੁਲ ਨਹੀਂ ਹੈ। ਮੈਂ ਤਾਂ ਇਹ ਸੋਚ ਕੇ ਉਦਾਸ ਹਾਂ ਕਿ ਮੈਂ ਵੱਡਾ ਹਾਂ, ਫਤਹਿ ਸਿੰਘ ਛੋਟਾ ਹੈ।

ਦੁਨੀਆ ਵਿਚ ਮੈਂ ਪਹਿਲਾਂ ਆਇਆ ਸਾਂ। ਇਸ ਲਈ ਇਥੋਂ ਜਾਣ ਦਾ ਵੀ ਪਹਿਲਾ ਅਧਿਕਾਰ ਮੇਰਾ ਹੈ। ਫਤਹਿ ਸਿੰਘ ਨੂੰ ਧਰਮ ਲਈ ਬਲੀਦਾਨ ਹੋਣ ਦਾ ਸ਼ੁਭ ਮੌਕਾ ਮੇਰੇ ਤੋਂ ਪਹਿਲਾਂ ਮਿਲ ਰਿਹਾ ਹੈ।

ਛੋਟੇ ਭਰਾ ਫਤਹਿ ਸਿੰਘ ਨੇ ਗੁਰਬਾਣੀ ਦੀ ਤੁੱਕ ਕਹਿ ਕੇ ਦੋ ਸਾਲ ਵੱਡੇ ਭਰਾ ਦੀ ਧੀਰਜ ਬੰਨ੍ਹੀ :-

**"ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ ॥**

**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ ॥"**

ਅਤੇ ਧਰਮ ਪ੍ਰਤੀ ਦ੍ਰਿੜ ਬਣੇ ਰਹਿਣ ਦਾ ਸੰਕਲਪ ਦੁਹਰਾਇਆ, ਬੱਚਿਆਂ ਨੇ ਆਪਣਾ ਧਿਆਨ ਗੁਰੂ ਚਰਨਾਂ ਵਿਚ ਜੋੜਿਆ ਅਤੇ ਗੁਰਬਾਣੀ ਦਾ ਪਾਠ ਕਰਨ ਲੱਗੇ। ਕੋਲ ਹੀ ਖੜੇ ਕਾਜ਼ੀ ਨੇ ਕਿਹਾ, "ਅਜੇਵੀ ਮੁਸਲਮਾਨ ਬਣ ਜਾਉ, ਛੱਡ ਦਿੱਤੇ ਜਾਉਗੇ।" ਬੱਚਿਆਂ ਨੇ ਕਾਜ਼ੀ ਦੀ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ, ਸਗੋਂ ਆਪਣਾ ਮਨ ਪ੍ਰਮਾਤਮਾ ਨਾਲ ਜੋੜੀ ਰੱਖਿਆ। ਕੰਧ ਫਤਹਿ ਸਿੰਘ ਦੇ ਗਲੇ ਤੱਕ ਪਹੁੰਚ ਗਈ। ਕਾਜ਼ੀ ਦੇ ਇਸ਼ਾਰੇ ਨਾਲ ਇੱਕ ਜਲਾਦ ਨੇ ਫਤਹਿ ਸਿੰਘ ਅਤੇ ਉਸਦੇ ਵੱਡੇ ਭਰਾ ਜੋਰਾਵਰ ਸਿੰਘ ਦਾ ਸੀਸ ਤਲਵਾਰ ਦੇ ਇੱਕ ਵਾਰ ਨਾਲ ਕਲਮ ਕਰ ਦਿੱਤਾ। ਇਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰਾਂ ਨੇ ਛੋਟੀ ਉਮਰ ਵਿਚ ਹੀ ਸ਼ਹਾਦਤ ਪ੍ਰਾਪਤ ਕੀਤੀ।

ਮਾਤਾ ਗੁਜਰੀ ਜੀ ਬੱਚਿਆਂ ਦੀ ਵਾਪਸੀ ਦੀ ਉਡੀਕ ਵਿਚ ਗੁਬੰਦ ਦੇ ਮੀਨਾਰ ਤੇ ਖੜੇ ਹੋ ਕੇ ਰਾਹ ਵੇਖ ਰਹੇ ਸਨ ਕਿ ਉਨ੍ਹਾਂ ਨੂੰ ਪਿੱਛੋਂ ਕਿਸੇ ਦੁਸ਼ਟ ਨੇ ਧੱਕਾ ਦੇ ਦਿੱਤਾ, ਜਿਸ ਕਰਕੇ ਉਹ ਲੜਖੜਾ ਕੇ ਥੱਲੇ ਡਿੱਗ ਪਏ ਅਤੇ ਉਨ੍ਹਾਂ ਦਾ ਸਵਰਗਵਾਸ ਹੋ ਗਿਆ।

ਸਥਾਨਕ ਨਿਵਾਸੀ ਜੌਹਰੀ ਟੋਡਰ ਮੱਲ ਨੂੰ ਜਦੋਂ ਗੁਰੂਦੇਵ ਦੇ ਬੱਚਿਆਂ ਨੂੰ ਤਸੀਹੇ ਦੇ ਕੇ ਕਤਲ ਕਰਨ ਦੇ ਹੁਕਮ ਸੰਬੰਧੀ ਪਤਾ ਲੱਗਾ ਤਾਂ ਉਹ ਆਪਣਾ ਸਾਰਾ ਧਨ ਲੈ ਕੇ ਬੱਚਿਆਂ ਨੂੰ ਛੁਡਵਾਉਣ ਦੇ ਵਿਚਾਰ ਨਾਲ ਕਚਹਿਰੀ ਪਹੁੰਚਿਆ ਪਰ ਉਸ ਸਮੇਂ ਬੱਚਿਆਂ ਨੂੰ ਸ਼ਹੀਦ ਕੀਤਾ ਜਾ ਚੁੱਕਿਆ ਸੀ। ਉਸ ਨੇ ਨਵਾਬ ਤੋਂ ਅੰਤਿਮ ਸੰਸਕਾਰ ਲਈ ਬੱਚਿਆਂ ਦੀਆਂ ਮ੍ਰਿਤਕ ਦੇਹਾਂ ਦੀ ਮੰਗ ਕੀਤੀ। ਵਜੀਦ ਖਾਨ ਨੇ

ਕਿਹਾ, ਜੇ ਤੂੰ ਇਸ ਕੰਮ ਦੇ ਲਈ ਜ਼ਮੀਨ ਸੋਨੇ ਦੀਆਂ ਮੋਹਰਾਂ ਵਿਛਾ ਕੇ ਖਰੀਦ ਸਕਦਾ ਹੈ ਤਾਂ ਤੈਨੂੰ ਮ੍ਰਿਤਕ ਦੇਹਾਂ ਦਿੱਤੀਆਂ ਜਾ ਸਕਦੀਆਂ ਹਨ। ਟੋਡਰਮਲ ਨੇ ਆਪਣਾ ਸਾਰਾ ਧਨ ਜ਼ਮੀਨ ਤੇ ਵਿਛਾ ਕੇ ਇੱਕ ਮੰਜੀ ਜਿੰਨੀ ਜ਼ਮੀਨ ਖਰੀਦ ਲਈ ਅਤੇ ਤਿੰਨਾਂ ਦੇਹਾਂ ਦਾ ਇਕੱਠਾ ਅੰਤਿਮ ਸੰਸਕਾਰ ਕਰ ਦਿੱਤਾ।

ਇਹ ਸਾਰਾ ਬਿਰਤਾਂਤ ਗੁਰੂਜੀ ਦੇ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਨੂਰੀ ਮਾਹੀ ਰਾਹੀਂ ਸੁਣਾਇਆ ਤਾਂ ਉਸ ਵੇਲੇ ਆਪਣੇ ਹੱਥ ਵਿਚ ਫੜੇ ਹੋਏ ਤੀਰ ਦੀ ਨੋਕ ਦੇ ਨਾਲ ਇੱਕ ਛੋਟੇ ਜਿਹੇ ਪੋਦੇ ਨੂੰ ਜੜ੍ਹ ਤੋਂ ਉਖਾੜਦਿਆਂ ਹੋਇਆ ਉਨ੍ਹਾਂ ਨੇ ਕਿਹਾ, ਜਿਵੇਂ ਮੈਂ ਇਹ ਪੌਦਾ ਜੜ੍ਹ ਤੋਂ ਉਖਾੜਿਆ ਹੈ, ਇਵੇਂ ਹੀ ਤੁਰਕਾਂ ਦੀਆਂ ਜੜ੍ਹਾਂ ਵੀ ਉਖਾੜੀਆਂ ਜਾਣਗੀਆਂ।

ਫਿਰ ਗੁਰੂ ਸਾਹਿਬ ਨੇ ਸਿੱਖਾਂ ਤੋਂ ਪੁੱਛਿਆ, "ਮਲੇਰ ਕੋਟਲੇ ਦੇ ਨਵਾਬ ਦੇ ਇਲਾਵਾ ਕਿਸੇ ਹੋਰ ਨੇ ਮੇਰੇ ਬੱਚਿਆਂ ਦੇ ਪੱਖ ਵਿਚ ਆਵਾਜ਼ ਉਠਾਈ ਸੀ?" ਸਿੱਖਾਂ ਨੇ ਸਿਰ ਹਿਲਾ ਕੇ ਨਾਂਹ ਵਿਚ ਜਵਾਬ ਦਿੱਤਾ।

ਤਦ ਗੁਰੂ ਸਾਹਿਬ ਨੇ ਫਿਰ ਕਿਹਾ, ਤੁਰਕਾਂ ਦੀਆਂ ਜੜ੍ਹਾਂ ਉਖੜਨ ਦੇ ਬਾਅਦ ਵੀ ਮਲੇਰ-ਕੋਟਲੇ ਦੇ ਨਵਾਬ ਦੀਆਂ ਜੜ੍ਹਾਂ ਕਾਇਮ ਰਹਿਣਗੀਆਂ, ਪਰ ਮੇਰੇ ਸਿੱਖ ਇੱਕ ਦਿਨ ਸਰਹੰਦ ਦੀ ਇੱਟ ਨਾਲ ਇੱਟ ਵਜਾ ਦੇਣਗੇ। ਇਹ ਘਟਨਾ ੧੩ ਪੋਹ ਮੁਤਾਬਕ ੨੭ ਦਸੰਬਰ ਸੰਨ ੧੭੦੪ ਵਿਚ ਵਾਪਰੀ।

**ਨੋਟ :-** ਮਲੇਰ ਕੋਟਲੇ ਦੀਆਂ ਜੜ੍ਹਾਂ ਅੱਜ ਤੱਕ ਕਾਇਮ ਹਨ। ਬੰਦਾ ਬਹਾਦਰ ਨੇ ੧੭੧੦ ਵਿਚ ਸੱਚਮੁੱਚ ਸਰਹੰਦ ਸ਼ਹਿਰ ਦੀ ਇੱਟ ਨਾਲ ਇੱਟ ਵਜਾ ਦਿੱਤੀ।

**ਜਿਸ ਕੁੱਲ ਜਾਤ ਕੌਮ ਦੇ ਬੱਚੇ ਯੂੰ ਕਰਤੇ ਹੈ ਬਲਿਦਾਨ ।**

**ਉਸ ਕਾ ਵਰਤਮਾਨ ਕੁਛ ਭੀ ਹੋ ਪ੍ਰੰਤੂ ਭਵਿਸ਼ਯ ਹੈ ਮਹਾਨ ।**

(ਮੈਥਿਲੀ ਸ਼ਰਨ ਗੁਪਤ)

## ਯਥਾ

ਯਹ ਗਰਦਨ ਕੱਟ ਤੋ ਸਕਤੀ ਹੈ ਮਗਰ ਝੁੱਕ ਨਹੀਂ ਸਕਤੀ ।

ਕਭੀ ਚਮਕੌਰ ਬੋਲੇਗਾ, ਕਭੀ ਸਰਹੰਦ ਕੀ ਦੀਵਾਰ ਬੋਲੇਗੀ । (ਸਰਦਾਰ ਪੰਛੀ)

## ਯਥਾ


ਹਮ ਆਪਣੀ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ।

ਸਿੰਘੋਂ ਕੀ ਸਲਤਨਤ ਕਾ ਪੌਦਾ ਲਗਾ ਚਲੇ ॥ (ਹਕੀਮ ਅੱਲਾ ਯਾਰ ਖਾਂ ਜੋਗੀ)


ਆਪ ਜੀ ਦਾ ਸ਼ੁਭ ਚਿੰਤਕ

ਲੇਖਕ-ਜਸਵੀਰ ਸਿੰਘ





समाप्त





## निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

## E-mail : info@sikhworld.info
## &
## jasbirsikhworldinfo@gmail.com

## ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ੂਰਰ ਦੇਖੋ ਅਤੇ ਪੜੋ ਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

ਨੋਟ :- ਇਹ ਕਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

**ਨੋਟ:-**

1. ਜੇਕਰ ਕੋਈ ਇਸ ਨੂੰ ਦੂਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।

**Download Free**